ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ-ਪ੍ਰੋਜੈਕਟ ਡਾਇਰੈਕਟਰ
ਸਮੱਗਰਾ ਸਿੱਖਿਆ ਅਭਿਆਨ ਅਥਾਰਟੀ, ਪੰਜਾਬ।
**ਵਿੱਦਿਆ ਭਵਨ, ਈ-ਬਲਾਕ, ਪੰਜਵੀਂ ਮੰਜ਼ਿਲ, ਫੇਜ਼-8, ਐੱਸ.ਏ.ਐੱਸ. ਨਗਰ (ਮੁਹਾਲੀ), ਪੰਜਾਬ**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ/ਸੈ.ਸਿੱ)
ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ,
ਸਮੂਹ ਸਕੂਲ ਮੁੱਖੀ,
ਪੰਜਾਬ।

ਪੱਤਰ ਨੰ. ਸਸਅ/ਐੱਚ.ਆਰ./2026 29910 ਮਿਤੀ:- 04.02.2026

**ਵਿਸ਼ਾ: ਸਕੂਲੋਂ ਵਿਰਵੇਂ ਬੱਚਿਆਂ (Out of School Children) ਦੀ ਸ਼ਨਾਖਤ ਲਈ ਘਰੋਂ-ਘਰੀ ਸਿੱਖਿਆ ਸਰਵੇਖਣ ਕਰਵਾਉਣ ਸੰਬੰਧੀ।**

**ਹਵਾਲਾ:-ਸਸਅ/ਐੱਚ.ਆਰ./E-55197/2025335756 ਮਿਤੀ 17.11.2025, ਸਸਅ/ਐੱਚ.ਆਰ./E-55197/20267447 ਮਿਤੀ 08.01.2026, ਸਸਅ/ਐੱਚ.ਆਰ./E-55197/202614853 ਮਿਤੀ 19.01.2026**

1.0 ਉਪਰੋਕਤ ਵਿਸ਼ੇ ਅਤੇ ਹਵਾਲਾ ਅੰਕਿਤ ਪੱਤਰ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਘਰੋਂ-ਘਰੀ ਸਰਵੇਖਣ ਦੀ ਪ੍ਰਗਤੀ ਨੂੰ ਰੀਵਿਊ ਕਰਨ ਲਈ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ/ਸੈ.ਸਿੱ) ਨਾਲ ਵਰਚੂਅਲ ਮੋਡ ਰਾਹੀਂ ਮਿਤੀ 29.01.2026 ਨੂੰ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਜ਼ਿਲ੍ਹਾ ਸਿੱਖਿਆ ਅਫਸਰਾਂ ਵੱਲੋਂ ਸੁਝਾਅ ਦਿੱਤਾ ਗਿਆ ਕਿ ਸਰਵੇਖਣ ਦੇ ਸਮੇਂ ਵਿੱਚ ਵਾਧਾ ਕੀਤਾ ਜਾਵੇ। ਸਕੂਲੋਂ ਵਿਰਵੇ ਬੱਚਿਆਂ ਦੀ ਸ਼ਨਾਖਤ ਲਈ ਘਰੋਂ-ਘਰੀ ਸਰਵੇਖਣ ਦੀ ਮਿਆਦ ਵਿੱਚ ਮਿਤੀ 10.02.2026 ਤੱਕ ਵਾਧਾ ਕੀਤਾ ਜਾਂਦਾ ਹੈ, ਇਹ ਯਕੀਨੀ ਬਣਾਇਆ ਜਾਵੇ ਕਿ ਕੋਈ ਖੇਤਰ ਸਰਵੇਖਣ ਤੋਂ ਵਾਂਝਾ ਨਾ ਰਹੇ।

3.0 ਸ਼ਨਾਖਤ ਹੋਏ ਬੱਚਿਆਂ ਦੇ ਵੇਰਵੇ Google Sheet ਤੇ ਅਪਡੇਟ ਕਰਨ ਅਤੇ ਸਾਰੇ ਜ਼ਰੂਰੀ ਕਾਲਮ ਭਰਨ ਬਾਰੇ ਸੰਬੰਧਿਤਾਂ ਨੂੰ ਹਦਾਇਤ ਕੀਤੀ ਜਾਵੇ।

4.0 ਹਵਾਲਾ ਅੰਕਿਤ ਪੱਤਰ ਨਾਲ ਨੱਥੀ ਜ਼ਰੂਰੀ ਨਿਰਦੇਸ਼ਾਂ ਦੇ ਨੁਕਤਾ ਨੰਬਰ IV ਦੇ ਲੜੀ ਨੰਬਰ 7 ਅਤੇ 8 ਅਨੁਸਾਰ ਜ਼ਿਲ੍ਹਾ ਸਿੱਖਿਆ ਅਫਸਰਾਂ ਵੱਲੋਂ ਤਸਦੀਕ ਕੀਤਾ ਸਰਟੀਫਿਕੇਟ ਅਤੇ ਸਰਵੇ ਦੀ Consolidated Report ਦਫਤਰ ਦੀ ਈ-ਮੇਲ ਆਈ.ਡੀ. ooscpunjab@punjabeducation.gov.in 'ਤੇ ਮਿਤੀ 11/02/2026 ਤੱਕ ਭੇਜੀ ਜਾਵੇ।

ਅਰਵਿੰਦ ਕੁਮਾਰ,ਐੱਮ.ਕੇ.(ਆਈ.ਏ.ਐੱਸ)
ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।

ਪਿੱਠ ਅੰਕਣ ਨੰ:- ਉਕਤ ਮਿਤੀ:- 04.02.2026

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1. ਉਪ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ) ਕਮ ਜ਼ਿਲ੍ਹਾ ਨੋਡਲ ਅਧਿਕਾਰੀ (OoSC)

ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ
ਸਮੱਗਰਾ ਸਿੱਖਿਆ ਅਭਿਆਨ, ਪੰਜਾਬ।